**ਪ੍ਰਸ਼ਨ** ਸੰਗੀਤ ਕਿਸ ਨੂੰ ਕਹਿੰਦੇ ਹਨ ?

**ਉੱਤਰ →** ਸੰਗੀਤ ਦੋ ਸ਼ਬਦਾਂ ਦਾ ਸੁਮੇਲ ਹੈ। ਸਮ + ਗੀਤ। ਸੰਗੀਤ ਸ਼ਬਦ ਦੀ ਉਤਪਤੀ ਗੀਤ ਦੇ ਅੱਗੇ ਉਪਸਰਗ ਲਗਾ ਕੇ ਹੋਈ ਹੈ। ਸਮ ਦਾ ਅਰਥ ਹੈ ਚੰਗਾ ਅਤੇ ਗੀਤ ਦਾ ਅਰਥ ਹੈ ਗਾਇਨ। ਅਰਥਾਤ ਜੋ ਚੰਗੀ ਤਰ੍ਹਾਂ ਗਾਇਆ ਜਾਵੇ ਉਸਨੂੰ ਸੰਗੀਤ ਕਹਿੰਦੇ ਹਨ। ਗਾਇਨ, ਵਾਦਨ ਅਤੇ ਨਾਚ ਤਿੰਨਾਂ ਦਾ ਸਮੂਹ ਸੰਗੀਤ ਅਖਵਾਉਂਦਾ ਹੈ। ਇਸ ਲਈ ਸੰਗੀਤ ਰਤਨਾਕਰ ਦੇ ਅਨੁਸਾਰ, ਸੁਰ, ਤਾਲ ਅਤੇ ਲੈਅ ਨਾਲ ਜੋ ਗਾਇਆ, ਵਜਾਇਆ ਜਾਂਦਾ ਹੈ, ਉਸਨੂੰ ਸੰਗੀਤ ਕਹਿੰਦੇ ਹਨ। ਸੰਗੀਤ ਵਿੱਚ ਤਿੰਨ ਕਲਾਵਾਂ ਦਾ ਮਿਸ਼ਰਨ ਹੁੰਦਾ ਹੈ - ਗਾਇਨ, ਵਾਦਨ ਅਤੇ ਨਾਚ। ਇਹ ਤਿੰਨੋਂ ਕਲਾਵਾਂ ਅਲੱਗ - ਅਲੱਗ ਹੁੰਦੇ ਹੋਏ ਵੀ ਇੱਕ ਦੂਸਰੇ ਉੱਪਰ ਆਧਾਰਿਤ ਹੁੰਦੀਆਂ ਹਨ। ਕਿਉਂਕਿ ਗਾਇਨ ਦੇ ਅਧੀਨ ਵਾਦਨ ਅਤੇ ਵਾਦਨ ਦੇ ਅਧੀਨ ਨਾਚ ਹੁੰਦਾ ਹੈ।

## ਸੰਗੀਤ ਦੇ ਪੱਖ

- ਕਲਾ ਪੱਖ
- ਭਾਵ ਪੱਖ

1. **ਕਲਾ ਪੱਖ** — ਜਦੋਂ ਕਲਾਕਾਰ ਆਪਣੀਆਂ ਭਾਵਨਾਵਾਂ ਨੂੰ ਵੱਖ-ਵੱਖ ਸਵਰ ਸਮੂਹਾਂ ਦੁਆਰਾ ਵੱਖ-ਵੱਖ ਲੈਅਕਾਰੀਆਂ ਨਾਲ ਸੁਣਨ ਵਾਲਿਆਂ ਨੂੰ ਆਨੰਦਿਤ ਕਰਵਾਉਂਦਾ ਹੈ ਤਾਂ ਉਹ ਸੰਗੀਤ ਦਾ ਕਲਾ ਪੱਖ ਕਹਾਉਂਦਾ ਹੈ।

2. **ਭਾਵ ਪੱਖ** — ਜਦੋਂ ਕਲਾਕਾਰ ਆਪਣੀ ਮਿੱਠੀ ਅਤੇ ਸੁਰੀਲੀ ਆਵਾਜ਼

ਨਾਲ ਮਨੁੱਖ ਦੇ ਭਾਵਾਂ ਨੂੰ ਦੂਸਰਿਆ ਤੱਕ ਪਹੁੰਚਾਉਂਦਾ ਹੈ ਤਾਂ ਉਸ ਨੂੰ ਭਾਵ ਪੱਖ ਕਹਿੰਦੇ ਹਨ।

## ਸੰਗੀਤ ਦੇ ਰੂਪ

- ਕ੍ਰਿਆਤਮਕ ਸੰਗੀਤ
- ਸੰਗੀਤ ਸ਼ਾਸਤਰ

1. **ਕ੍ਰਿਆਤਮਕ ਸੰਗੀਤ** — ਇਸ ਵਿੱਚ ਸੰਗੀਤ ਦਾ ਕ੍ਰਿਆ ਪੱਖ ਹੁੰਦਾ ਹੈ ਜਿਵੇਂ ਗੀਤ ਦੇ ਪ੍ਰਕਾਰ, ਅਲਾਪ, ਸਰਗਮ ਆਦਿ ਕ੍ਰਿਆਵਾਂ ਨੂੰ ਗਾਉਣਾ, ਵਜਾਉਣਾ। ਇਹ ਕ੍ਰਿਆਤਮਕ ਸੰਗੀਤ ਕਹਾਉਂਦਾ ਹੈ।

2. **ਸੰਗੀਤ ਸ਼ਾਸਤਰ** — ਇਸ ਵਿੱਚ ਸੰਗੀਤ ਦਾ ਇਤਿਹਾਸ, ਸੰਗੀਤਕਾਰਾਂ ਦੀਆਂ ਜੀਵਨੀਆਂ, ਰਾਗਾਂ ਦਾ ਵਰਣਨ, ਤਾਲਾਂ ਦਾ ਵਰਣਨ, ਸੰਗੀਤ ਦੀ ਪਰਿਭਾਸ਼ਾਵਾਂ ਆਦਿ ਦਾ ਵਰਣਨ ਕੀਤਾ ਜਾਂਦਾ ਹੈ।

## ਸੰਗੀਤ ਦੇ ਪ੍ਰਕਾਰ

- ਸ਼ਾਸਤਰੀ ਸੰਗੀਤ
- ਭਾਵ ਸੰਗੀਤ

1. **ਸ਼ਾਸਤਰੀ ਸੰਗੀਤ** — ਇਸ ਵਿੱਚ ਗਾਇਨ, ਵਾਦਨ ਅਤੇ ਨਾਚ ਦੇ ਕੁੱਝ ਨਿਯਮ ਹੁੰਦੇ ਹਨ, ਜਿਨ੍ਹਾਂ ਦਾ ਪਾਲਣ

ਕਰਨਾ ਜ਼ਰੂਰੀ ਹੁੰਦਾ ਹੈ। ਇਸ ਵਿੱਚ ਸੰਗੀਤਕਾਰ ਆਪਣੀ ਮਰਜ਼ੀ ਨਾਲ ਕਿਸੇ ਵੀ ਨਿਯਮ ਦੀ ਉਲੰਘਣਾ ਨਹੀ ਕਰ ਸਕਦਾ।

2. **ਲੋਕ ਸੰਗੀਤ** — ਇਹ ਸੰਗੀਤ ਨਿਯਮਾਂ ਦੇ ਬੰਧਨ ਤੋਂ ਮੁਕਤ ਹੁੰਦਾ ਹੈ। ਇਸ ਦਾ ਉਦੇਸ਼ ਮਨੋਰੰਜਨ ਕਰਵਾਉਣਾ ਹੁੰਦਾ ਹੈ। ਇਸ ਵਿੱਚ ਫਿਲਮੀ ਗੀਤ, ਲੋਕ-ਗੀਤ, ਸ਼ਬਦ-ਭਜਨ, ਬੱਚੇ ਦੇ ਜਨਮ ਦੇ ਗੀਤ, ਵਿਆਹ ਦੇ ਗੀਤ ਅਤੇ ਕਈ ਰਸਮਾਂ ਤਿਉਹਾਰਾਂ ਦੇ ਗੀਤ ਆਉਂਦੇ ਹਨ।

**ਸੰਗੀਤ ਦੀ ਮਹੱਤਤਾ** — ਇਹ ਉੱਚ ਕੋਟੀ ਦੀ ਕਲਾ ਹੈ। ਇਸ ਦੀ ਪੂਜਾ ਕਈ ~~ਸੰਤ~~, ਸੰਤ, ਭਗਤਸਾਧਾਂ ਨੇ ਕੀਤੀ। ਗੁਰੂ ਨਾਨਕ ਦੇਵ ਜੀ ਨੇ ਤਾਂ ਧੁਰ ਦੀ ਬਾਣੀ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਸੰਗੀਤ ਦਾ ਸਹਾਰਾ ਲਿਆ। ਕਿਉਂਕਿ ਸੰਗੀਤ ਵਿੱਚ ਮਨੁੱਖੀ ਮਨ ਨੂੰ ਆਪਣੇ ਵੱਲ ਖਿੱਚਣ ਦੀ ਸ਼ਕਤੀ ਹੁੰਦੀ ਹੈ। ਸੰਗੀਤ ਮਨੁੱਖ ਨੂੰ ਦੁੱਖ ਤੋਂ ਦੂਰ ਕਰ ਕੇ ਸੁਖ ਦਾ ਅਨੁਭਵ ਕਰਵਾਉਂਦਾ ਹੈ। ਵਾਸਤਵ ਵਿੱਚ ਸੰਗੀਤ ਪ੍ਰਮਾਤਮਾ ਨੇ ਵੱਲੋਂ ਇਨਸਾਨ ਨੂੰ ਬਖਸ਼ੀ ਦੇਣ ਹੈ ਜਿਸ ਰਾਹੀ ਇਨਸਾਨ ਆਪਣੇ ਮਾਨਸਿਕ ਅਤੇ ਸਰੀਰਕ ਦੁੱਖਾਂ ਨੂੰ ਭੁਲਾ ਕੇ ਪਰਮ ਅਨੰਦ ਦਾ ਸੁੱਖ ਪ੍ਰਾਪਤ ਕਰਦਾ ਹੈ। ਵਾਸਤਵ ਵਿੱਚ ਸੰਗੀਤ ਇਨਸਾਨ ਨੂੰ ਪ੍ਰਮਾਤਮਾ ਨਾਲ ਜੋੜਨ ਦਾ ਸਭ ਤੋਂ ਉੱਤਮ ਸਾਧਨ ਹੈ।